ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040108
Available online at: www.armaan.org.in
DOI: https://doi.org/10.64119/armaan.vol.4.issue1.08

# ਹਰਮਿੰਦਰ ਚਹਿਲ ਰਚਿਤ 'ਭੰਵਰ' ਨਾਵਲ ਵਿੱਚ ਬਦਲ ਰਹੇ ਰਿਸ਼ਤਿਆਂ ਦਾ ਸਭਿਆਚਾਰਕ ਰੂਪਾਂਤਰਨ

**Harminder Chahil Rachit 'Bhanwar' Naval Vich Badal Rhe Rishtian Da Sbhiachark Rupantarn**

**ਕਰਮਜੀਤ ਕੌਰ (Karamjeet Kaur)**
ਖੋਜਾਰਥਣ, ਪੰਜਾਬੀ ਵਿਭਾਗ (Research Scholar, Dept. of Punjabi)
ਦਿੱਲੀ ਯੂਨੀਵਰਸਿਟੀ, ਦਿੱਲੀ
Email ID: Karamjeet15315@gmail.com ਮੋਬਾਈਲ: +91-95690-35950

**ਸਾਰ (Abstract)**

*ਹਰਮਿੰਦਰ ਚਹਿਲ ਦਾ ਨਾਵਲ 'ਭੰਵਰ' ਰਿਸ਼ਤਿਆਂ ਦੇ ਜੰਜਾਲ ਦੀ ਬਾਤ ਪਾਉਂਦਾ ਹੈ। ਇਹ ਨਾਵਲ ਪਰਵਾਸ ਦੇ ਜਾਇਜ਼ ਅਤੇ ਨਜਾਇਜ਼ ਤਰੀਕਿਆਂ ਨਾਲ ਪੰਜਾਬੀਆਂ ਦੀ ਹੋਣੀ ਦਾ ਤਸੱਵਰ ਪੇਸ਼ ਕਰਦਾ ਹੈ। ਪੰਜਾਬੀ ਸਭਿਆਚਾਰ ਦੀਆਂ ਬਦਲ ਰਹੀਆਂ ਕਦਰਾਂ-ਕੀਮਤਾਂ ਦੇ ਪ੍ਰਸੰਗ ਦਾ ਰਿਸ਼ਤਿਆਂ ਦੀ ਪਾਕ-ਪਵਿੱਤਰਤਾ ਨਾਲ ਹੋ ਰਹੇ ਖਿਲਵਾੜ ਨੂੰ ਨੰਗਾ ਕਰਕੇ ਪਾਠਕਾਂ ਦੇ ਮਨਾਂ ਵਿੱਚ ਬਹੁਤ ਸਾਰੇ ਸਵਾਲਾਂ ਨੂੰ ਪੈਦਾ ਕਰਦਾ ਹੈ। ਪਰਵਾਸ ਦੀ ਝੂਠੀ ਸ਼ਾਨੋ-ਸ਼ੌਕਤ ਅਤੇ ਅਮੀਰੀ ਦੇ ਫੋਕੇ ਦਿਖਾਵਿਆਂ ਵਿੱਚ ਵਿਅਕਤੀ ਦਿਨ-ਪ੍ਰਤੀ-ਦਿਨ ਪਿਸਦਾ ਨਜ਼ਰ ਆਉਂਦਾ ਹੈ। ਨਾਵਲ ਦਾ ਮੁੱਖ ਪਾਤਰ ਅਜਿਹੇ ਫੋਕੇ ਦਿਖਾਵਿਆਂ ਵਿੱਚ ਸਰੀਰਕ ਅਤੇ ਮਾਨਸਿਕ ਸੰਤਾਪ ਭੋਗਦਾ ਹੈ।*

***ਕੀਵਰਡ (Keyword):*** *ਸਭਿਆਚਾਰਕ ਰੂਪਾਂਤਰਨ, ਰਿਸ਼ਤਾ-ਨਾਤਾ ਪ੍ਰਬੰਧ, ਪਰਵਾਸ, ਕਦਰਾਂ-ਕੀਮਤਾਂ, ਵਿਸ਼ਵੀਕਰਨ, ਪਦਾਰਥ, ਪੈਸਾ।*

ਹਰਮਿੰਦਰ ਚਹਿਲ ਪਰਵਾਸੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਗਲਪਕਾਰ ਵਜੋਂ ਸਥਾਪਿਤ ਕਲਮਕਾਰ ਹੈ। ਉਨ੍ਹਾਂ ਦਾ ਜਨਮ 27 ਮਾਰਚ 1957 ਨੂੰ ਪਿੰਡ ਆਲਮ ਪੁਰ ਮੰਦਰਾਂ ਜ਼ਿਲ੍ਹਾ ਮਾਨਸਾ ਵਿੱਚ ਹੋਇਆ। ਉਨ੍ਹਾਂ ਨੇ ਸਿਵਿਲ ਇੰਜੀਨੀਰਿੰਗ ਦੀ ਪੜ੍ਹਾਈ ਕਰਕੇ ਨਹਿਰੀ ਮਹਿਕਮੇ ਵਿਚ 6 ਸਾਲ ਓਵਰਸੀਅਰ ਦੀ ਨੌਕਰੀ ਕੀਤੀ। ਲੰਮੇ ਸਮੇਂ ਤੋਂ ਉਹ ਅਮਰੀਕਾ ਵਿਚ ਵਰਜੀਨੀਆ ਸਟੇਟ ਦੇ ਸ਼ਹਿਰ ਸਪਰਿੰਗ ਫ਼ੀਲਡ ਵਿਚ ਰਹਿ ਰਹੇ ਹਨ। ਉਹ ਪਰਵਾਸੀ ਪੰਜਾਬੀ ਸਾਹਿਤ ਦੇ ਚਰਚਿਤ ਗਲਪਕਾਰ ਹਨ। ਉਹਨਾਂ ਨੇ ਹੁਣ ਤੱਕ ਬਲੀ, ਹੋਣੀ ਅਤੇ ਆਫ਼ੀਆ ਸਦੀਕੀ ਦਾ ਜੇਹਾਦ, ਭੰਵਰ, ਕਿਆਮਤ ਅਤੇ ਨਵਯੁਗ ਨਾਵਲਾਂ ਦੇ ਨਾਲ ਨਾਲ ਅੰਨ੍ਹੀ ਗਲੀ ਦੇ ਬਾਸ਼ਿੰਦੇ, ਪਲ ਪਲ ਪਰਵਾਸ, ਆਪਣੀ ਮਿੱਟੀ ਦਾ ਮੋਹ, ਰਿਸ਼ਤਿਆਂ ਦੀ ਜੱਗ ਬੁੱਝ, ਜ਼ਿੰਦਗੀ ਦੇ ਰੰਗ ਤਰੰਗ ਅਤੇ ਖੋਜ ਕਹਾਣੀ ਸੰਗ੍ਰਹਿ ਰਚੇ ਹਨ। ਹਰਮਹਿੰਦਰ ਚਾਹਲ ਦਾ ਸ਼ੁਮਾਰ ਉਹਨਾਂ ਪਰਵਾਸੀ ਨਾਵਲਕਾਰਾਂ ਵਿਚ ਹੈ ਜਿਹੜੇ ਅੰਤਰ ਰਾਸ਼ਟਰੀ ਧਰਾਤਲ 'ਤੇ ਵਾਪਰਨ ਵਾਲੇ ਸਮਾਜਿਕ ਆਰਥਿਕ ਤੇ ਸਭਿਆਚਾਰਕ ਵਰਤਾਰਿਆਂ ਬਾਰੇ ਇਤਿਹਾਸਕ ਸਮਝ ਰੱਖਣ ਦੇ ਨਾਲ ਨਾਲ ਉਸ ਨੂੰ ਮਾਨਵਤਾ ਵਾਦੀ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕਰਨ ਦੀ ਮੁਹਾਰਤ ਰੱਖਦੇ ਹਨ।

ਦਾਰਸ਼ਨਿਕ ਬੋਧੀ ਰਿਸ਼ੀ, ਭੌਤਿਕ ਵਿਗਿਆਨੀ, ਮਹਾਨ ਵਿਦਵਾਨ ਸਾਰੇ ਹੀ ਤਬਦੀਲੀ ਨੂੰ ਕੁਦਰਤ ਦਾ ਬੁਨਿਆਦੀ ਅਸੂਲ ਮੰਨਦੇ ਹਨ। ਤਬਦੀਲੀ, ਉਭਾਰ, ਵਿਕਾਸ, ਪਤਨ ਅਤੇ ਮੌਤ ਦੀ ਨਿਰੰਤਰ ਧਾਰਾ ਅਤੇ ਥਿੜਕਣ ਵਾਲੀ ਊਰਜਾ ਅਤੇ ਪਦਾਰਥ ਦਾ ਨਿਰੰਤਰ ਬਦਲਦਾ ਨਾਚ ਬ੍ਰਹਿਮੰਡ ਦੇ ਇਸ ਸੱਚ ਨੂੰ ਦਰਸਾਉਣ ਦੇ ਕੁਝ ਤਰੀਕੇ ਹਨ। ਇਸ ਦੇ ਨਾਲ ਹੀ ਮਨੁੱਖੀ ਮਨ ਦਵੈਤਾਂ ਰਾਹੀਂ ਸੋਚਣ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸ ਤਰ੍ਹਾਂ ਉਹਨਾਂ ਰੂਪਾਂ ਵਿੱਚ ਸਥਿਰਤਾ, ਬਣਤਰ ਅਤੇ ਕੁਝ ਹੱਦ ਤੱਕ ਸਥਾਈਤਵ ਨੂੰ ਸਮਝਦਾ ਹੋਇਆ ਹਕੀਕਤਾਂ ਦਾ ਸਾਹਮਣਾ ਕਰਦਾ ਹੈ। ਤਾਰੇ, ਗ੍ਰਹਿ, ਪ੍ਰਜਾਤੀਆਂ, ਸਵੈ ਅਤੇ ਹੋਰ ਜੀਵ, ਪਰਿਵਾਰ, ਸਮਾਜ, ਕਬੀਲਾ, ਵਰਗ, ਸਭਿਆਚਾਰ, ਰਾਸ਼ਟਰ, ਵਿਸ਼ਵਾਸ ਅਤੇ ਜਿਨ੍ਹਾਂ ਦਾ ਵਰਗੀਕਰਨ ਕਰਦੇ ਹਾਂ। ਇਹਨਾਂ ਵਿਚੋਂ ਕੁਝ ਮਾਨਵ ਵਿਗਿਆਨ ਦਾ ਹਿੱਸਾ ਰਹੇ ਹਨ। ਇਸ ਦੇ ਇਤਿਹਾਸ ਦੇ ਬਹੁਤ ਸਾਰੇ ਹਿੱਸੇ ਵਿੱਚ, ਸਿਧਾਂਤ ਅਤੇ ਵਰਣਨ ਉਹਨਾਂ ਦੇ ਸਥਾਈ ਸੰਸਥਾਵਾਂ, ਵਿਸ਼ਵਾਸਾਂ ਅਤੇ ਕਦਰਾਂ-ਕੀਮਤਾਂ ਦੁਆਰਾ ਖ਼ਾਸ ਸਮਾਜਾਂ ਅਤੇ ਸਭਿਆਚਾਰਾਂ ਦਾ ਲੇਖਾ-ਜੋਖਾ ਕਰਨ ਅਤੇ ਨਕਸ਼ੇ ਬਣਾਉਣ ਲਈ ਤਿਆਰ ਕੀਤੇ ਗਏ ਹਨ। ਫਿਰ ਵੀ, ਮਾਨਵ-ਵਿਗਿਆਨ ਦੀ ਸ਼ੁਰੂਆਤ ਵਧੇਰੇ ਸਹੀ ਢੰਗ ਨਾਲ ਤਬਦੀਲੀ ਦੀ ਵਿਆਖਿਆ ਕਰਨ ਲਈ ਸੀ।

ਸੱਭਿਆਚਾਰਕ ਉੱਤਮਤਾ ਦੇ ਦਾਅਵਿਆਂ ਅਤੇ ਤਰੱਕੀ ਦੀਆਂ ਧਾਰਨਾਵਾਂ ਨੇ ਮਨੁੱਖੀ ਇਤਿਹਾਸ ਦੇ ਅਧਿਐਨ ਦਾ ਇੱਕ ਵਿਸ਼ੇਸ਼ ਆਧਾਰ ਤਿਆਰ ਕੀਤਾ। ਇਸ ਤੋਂ ਬਾਅਦ ਵਿਚਾਰਧਾਰਕ ਤਬਦੀਲੀਆਂ, ਪ੍ਰਸਾਰਵਾਦ ਦੇ ਵੱਖ-ਵੱਖ ਰੂਪਾਂ ਅਤੇ ਵਿਅਕਤੀਗਤ ਸਮਾਜਾਂ ਦੇ ਸੱਭਿਆਚਾਰਕ ਇਤਿਹਾਸ ਨੇ ਇਸ ਸਵਾਲ ਨੂੰ ਮੁੱਖ ਰੱਖਿਆ ਕਿ ਵਿਸ਼ੇਸ਼ ਸੱਭਿਆਚਾਰ ਅਤੇ ਉਨ੍ਹਾਂ ਦੇ ਗੁਣ ਸਮੇਂ ਦੇ ਨਾਲ ਕਿਵੇਂ ਬਦਲਦੇ ਹਨ। ਅਮਰੀਕੀ ਇਤਿਹਾਸਕ ਵਿਸ਼ਿਸ਼ਟਤਾਵਾਦ ਅਤੇ ਬ੍ਰਿਟਿਸ਼ ਸੰਰਚਨਾਤਮਕ-ਕਾਰਜਸ਼ੀਲਤਾ ਦੇ ਦੌਰ ਦੌਰਾਨ, ਵਿਦਵਾਨਾਂ ਨੇ ਮਾਨਵ-ਵਿਗਿਆਨ ਨੂੰ ਸਥਿਰ ਵਰਣਨ ਅਤੇ ਅਨੁਭਵੀ ਤੱਥਾਂ 'ਤੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ, ਜੋ ਮੁੱਖ ਤੌਰ 'ਤੇ ਸਮਾਜਾਂ ਦੀ ਸਥਿਰਤਾ ਅਤੇ ਪਰੰਪਰਾਵਾਂ 'ਤੇ ਕੇਂਦਰਿਤ ਸਨ। ਇਸ ਦੇ ਬਾਵਜੂਦ, ਕਈ ਮਾਨਵ-ਵਿਗਿਆਨੀ ਤਬਦੀਲੀ ਦੀ ਪ੍ਰਕਿਰਤੀ ਬਾਰੇ ਖੋਜ ਕਰਦੇ ਰਹੇ, ਜਿਵੇਂ ਕਿ ਅਮਰੀਕੀ ਵਿਦਵਾਨਾਂ ਵੱਲੋਂ ਸੱਭਿਆਚਾਰਕ ਇਤਿਹਾਸ ਦਾ ਅਧਿਐਨ ਅਤੇ ਮਾਲਿਨੋਵਸਕੀ ਵੱਲੋਂ ਬਸਤੀਵਾਦ ਦੇ ਪ੍ਰਭਾਵ ਹੇਠ ਬਦਲ ਰਹੇ ਕਬਾਇਲੀ ਸਮਾਜਾਂ ਦਾ ਵਿਸ਼ਲੇਸ਼ਣ ਕੀਤਾ ਗਿਆ।

ਸਭਿਆਚਾਰ ਹਰ ਦੇਸ਼ ਦੀ ਕੌਮ ਦਾ ਸਭ ਤੋਂ ਵਡਮੁੱਲਾ ਸਰਮਾਇਆ ਹੁੰਦਾ ਹੈ। ਸਭਿਆਚਾਰ ਮਨੁੱਖ ਦੇ ਜਨਮਜਾਤ ਤੋਂ ਸ਼ੁਰੂ ਹੋ ਕੇ ਮਰਨ ਤੱਕ ਨਾਲ ਨਾਲ ਰਹਿੰਦਾ

ਹੈ। ਸਮਾਜ ਦੀ ਹੋਂਦ ਸਭਿਆਚਾਰ ਤੋਂ ਬਿਨਾਂ ਕਰਨੀ ਅਸੰਭਵ ਜਾਪਦੀ ਹੈ। ਪੰਜਾਬ ਦੇ ਇਤਿਹਾਸ ਵਿੱਚ ਬਹੁਤ ਵੱਡੇ ਵੱਡੇ ਬਦਲਾਅ ਆਏ ਅਤੇ ਇਸ ਦੀਆਂ ਭੂਗੋਲਿਕ ਹੱਦਬੰਦੀਆਂ ਵੀ ਬਦਲਦੀਆਂ ਰਹੀਆਂ। ਪੰਜਾਬੀ ਸਭਿਆਚਾਰ ਦੀ ਵਿਲੱਖਣਤਾ ਦਾ ਅੰਦਾਜ਼ ਉਸ ਦੀ ਜੀਵਨ-ਜਾਚ ਦੇ ਨਰੋਏ ਪਲਾਂ ਦੀ ਹਾਮੀ ਭਰਦਾ ਹੈ। ਅਜਿਹੇ ਨਰੋਏ ਸਭਿਆਚਾਰ ਅੰਦਰ ਪਨਪਦੀਆਂ ਚਿਣਗਾਂ ਨੂੰ ਖੋਰਾ/ਘੁਣ ਲੱਗੀਆਂ ਕਦਰਾਂ-ਕੀਮਤਾਂ ਦੇ ਵਿਗਸਣਾ ਕਦੋਂ ਕਰਵੱਟ ਲੈਂਦੇ ਹਨ ਜਾਂ ਸਭਿਆਚਾਰ ਦਾ ਹਿੱਸਾ ਬਣ ਜਾਂਦੇ ਹਨ। ਰਿਸ਼ਤਿਆਂ ਦਾ ਤੰਦ ਕਦੋਂ ਕੰਡਿਆਂ ਦਾ ਜਾਲ ਬਣ ਕੇ ਚੁਭਣ ਲੱਗ ਜਾਂਦੀ ਹੈ ਅਜਿਹੇ ਘਿਨੌਣੇ ਸਭਿਆਚਾਰ ਦਾ ਰੂਪਾਂਤਰਨ ਨਾਵਲ ਵਿੱਚ ਪੇਸ਼ ਕੀਤਾ ਗਿਆ ਹੈ।

ਪਰਵਾਸੀ ਨਾਵਲ ਪੰਜਾਬੀ ਨਾਵਲ ਦੀ ਇਕ ਸ਼ਾਖਾ ਦੇ ਰੂਪ ਵਜੋਂ ਉਭਰਦਾ ਹੈ। ਇਸ ਨੇ ਵਿਸ਼ਿਆਂ ਦੇ ਨਾਲ ਨਾਲ ਜੁਗਤ, ਬਣਤਰ ਅਤੇ ਬੁਣਤੀ ਨੂੰ ਬਦਲਿਆ ਹੈ। ਨਾਵਲਕਾਰ ਮੁੱਖ ਪਾਤਰ ਨੂੰ ਹਮਦਰਦੀ, ਤ੍ਰਾਸਦੀ, ਮਸੀਹਾ ਬਣਾਉਣ ਦੀ ਬਜਾਏ, ਉਸ ਦੇ ਸਬਰ, ਸਮੱਸਿਆਵਾਂ ਨਾਲ ਨਜਿੱਠਣ ਦਾ ਸਾਹਸ ਅਤੇ ਰਿਸ਼ਤਿਆਂ ਨੂੰ ਨਿਭਾਉਣ ਦਾ ਠਰ੍ਹੰਮਾ ਦੇ ਤੌਰ ਤੇ ਉਭਾਰਦਾ ਹੈ। ਇਹ ਨਾਵਲ ਪਰਵਾਸੀ ਨਾਵਲ ਲਈ ਇਕ ਨਵੀਂ ਪਿਰਤ ਦਾ ਧਾਰਨੀ ਬਣਦਾ ਹੈ। ਨਾਵਲਕਾਰ ਮਹਿਜ਼ ਮੁੱਖ ਪਾਤਰ ਦਾ ਬਿੰਬ ਹੀ ਨਹੀਂ ਬਦਲਦਾ, ਸਗੋਂ ਪੰਜਾਬ ਦੇ ਪੰਜਾਬੀ ਸਭਿਆਚਾਰ ਦੀਆਂ ਸਥਾਪਿਤ ਕਦਰਾਂ-ਕੀਮਤਾਂ ਦੇ ਬਿੰਬਾਂ ਦੀ ਪੇਸ਼ਕਾਰੀ ਨੂੰ ਅਮਰੀਕਾ ਦੇ ਪੰਜਾਬੀ ਸਭਿਆਚਾਰ ਵਿੱਚ ਰੂਪਾਂਤਰਨ ਹੋ ਰਹੇ ਬਿੰਬਾਂ ਦੇ ਸਾਹਮਣੇ ਖੜ੍ਹਿਆਂ ਕਰ ਦਿੰਦਾ ਹੈ। ਪਰਵਾਸੀ ਵਿਅਕਤੀ ਦੀ ਪਛਾਣ ਜ਼ਿੰਦਗੀ ਦੀ ਸੁਰੱਜਤਾ, ਆਰਥਿਕ ਵਸੀਲਿਆਂ ਦੀ ਥਾਹ ਪਾਉਣ, ਅਸੁਰੱਖਿਅਤਾ ਤੋਂ ਸੁਰੱਖਿਅਤ ਹੋਣ ਲਈ ਪਰਵਾਸ ਦੀ ਟੇਕ ਲੈਂਦਾ ਹੈ। ਉਹ ਇਹ ਗੱਲ ਭਲੀਭਾਂਤ ਜਾਣਦਾ ਹੈ ਉਹ ਥਾਂ ਜਿੱਥੇ ਉਸ ਦੀ ਕੋਈ ਪਛਾਣ ਨਹੀਂ, ਅਜਿਹੇ ਮੁਲਕ ਵਿਚ ਜਾ ਕੇ ਆਰਥਿਕ ਵਸੀਲਿਆਂ ਦੀ ਥਾਹ ਪਾਉਣਾ ਕੋਈ ਆਸਾਨ ਕੰਮ ਨਹੀਂ ਹੈ। ਉਸ ਦੇ ਸਾਹਮਣੇ ਪੱਛਮੀ ਮੁਲਕ ਦੀ ਚਮਕ ਹੁੰਦੀ ਹੈ ਪਰ ਉੱਥੇ ਦਰਪੇਸ਼ ਸਮੱਸਿਆਵਾਂ ਦਾ ਕੋਈ ਦ੍ਰਿਸ਼ ਨਹੀਂ ਹੁੰਦਾ। ਉਹ ਪੈਸੇ ਕਮਾਉਣ ਲਈ ਕੰਮ ਦੀ ਤਲਾਸ਼ ਕਰਦਾ ਹੈ। ਵਿਦੇਸ਼ ਗਏ ਪੰਜਾਬੀ ਮਨ ਲਈ ਡੀ ਕਲਾਸ ਕੰਮ ਕਰਨਾ ਸਹਿਜ ਪ੍ਰਕਿਰਿਆ ਨਹੀਂ ਹੈ। ਵਿਦੇਸ਼ ਦੀ ਚਮਕ ਦੀ ਧੂੜ ਪੰਜਾਬੀ ਬੰਦੇ ਦੀ ਮਾਨਸਿਕ ਸਥਿਤੀ ਨਾਲ ਸਮਝੌਤਾ ਕਰਦੀ ਹਰ ਉਹ ਕੰਮ ਕਰਨ ਤਿਆਰ ਹੋ ਜਾਂਦੀ ਹੈ ਜਿਸ ਬਾਰੇ ਉਸ ਨੇ ਕਦੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਹੁੰਦਾ। ਆਰਥਿਕ ਵਸੀਲਿਆਂ ਦੀ ਖ਼ਾਤਰ, ਵਿਦੇਸ਼ਾਂ ਵਿਚ ਗਿਆ ਵਿਅਕਤੀ ਸਮਝ ਸਥਾਪਿਤ ਕਰ ਲੈਂਦਾ ਹੈ ਕਿ ਉਸ ਦਾ ਸੰਬੰਧ ਹੋ ਰਹੀ ਆਮਦਨੀ ਨਾਲ ਹੈ ਨਾ ਕਿ ਆਮਦਨੀ ਦੀ ਪ੍ਰਕਿਰਿਆ ਨਾਲ। ਕਰਮੇ ਨੂੰ ਪਹਿਲਾਂ ਕੰਮ ਘਰਾਂ ਵਿਚੋਂ ਕੂੜਾ ਚੁੱਕਣ ਦਾ ਮਿਲਦਾ ਹੈ ਤਾਂ ਬਲਕਾਰ ਸਹਿਜ ਭਾਵ ਨਾਲ ਕਰਮੇ ਨੂੰ ਮਿਲੇ ਕੰਮ ਬਾਰੇ ਦੱਸਦਾ ਹੈ ਤਾਂ ਕਰਮਾ ਬੌਖ਼ਲਾ ਜਾਂਦਾ ਹੈ, ਪਰ ਬਲਕਾਰ ਉਸ ਨੂੰ ਸਮੇਂ ਦੀ ਨਜ਼ਾਕਤ ਦੀ ਸਥਿਤੀ ਬਾਰੇ ਸੁਚੇਤ ਕਰਦਿਆਂ ਸਹਿਮਤ ਕਰ ਲੈਂਦਾ ਹੈ।

ਸਰਸਰੀ ਨਜ਼ਰ ਨਾਲ ਪੜ੍ਹਿਆ ਨਾਵਲ ਦਾ ਪਾਤਰ-ਵਿਧਾਨ, ਪ੍ਰਬੰਧ ਤੇ ਬਿਆਨੀਆਂ ਸ਼ੈਲੀ ਵਿਚ ਬਿਲਕੁਲ ਵੱਖਰੀਆਂ ਅਨੁਭਵ-ਪ੍ਰਣਾਲੀਆਂ ਦੇ ਸੂਚਕ ਦਿਸਦੇ ਹਨ। ਇਹ ਨਾਵਲ ਮਨੁੱਖੀ ਮਨ ਦੇ ਸੌੜੇ ਖ਼ਿਆਲਾਂ ਨੂੰ ਚੁਣੌਤੀ ਦਿੰਦਾ ਹੋਇਆ ਇਕ ਸੁਥਰਾ, ਸਾਫ਼, ਪਾਕ ਸਮਝ ਨੂੰ ਆਧਾਰ ਬਣਾ ਕੇ ਰਿਸ਼ਤਿਆਂ ਦੇ ਭੰਵਰ ਜਾਲ ਵਿਚੋਂ ਮੁੱਖ ਪਾਤਰ ਨੂੰ ਸਾਹਮਣਾ ਕਰਦਿਆਂ ਵਿਖਾਇਆ ਗਿਆ ਹੈ। ਇਹ ਨਾਵਲ ਪੀੜ੍ਹੀ-ਪਾੜੇ ਦੀਆਂ ਦਰਾਂ ਤੋਂ ਕਿਤੇ ਅਗਾਂਹ ਲੰਘ ਚੁੱਕਿਆ ਹੈ। ਪੂਰਬ ਅਤੇ ਪੱਛਮ ਦੀ ਸੋਚ ਵਿਚ ਮਨੁੱਖੀ ਕਦਰਾਂ-ਕੀਮਤਾਂ ਦਾ ਸਿਰਜਿਆ ਆਦਰਸ਼ਕ ਬਿੰਬ ਨੂੰ ਲੇਖਕ ਨੇ ਖੇਰੂੰ-ਖੇਰੂੰ ਹੁੰਦਾ ਵਿਖਾਇਆ ਹੈ।

ਭੰਵਰ ਨਾਵਲ ਦੀ ਪਾਠਕੀ ਪੜ੍ਹਤ ਵੇਲੇ ਇਸ ਦੇ ਬਹੁ-ਪਾਸਾਰੀ ਬਿਰਤਾਂਤਿਕ ਪ੍ਰਵਚਨ ਉੱਸਰੇ ਹਨ ਜਿਹੜੇ ਅਮਰੀਕਾ ਅਤੇ ਭਾਰਤੀ ਪੰਜਾਬ ਨੂੰ ਇੱਕੋ ਧਰਾਤਲ ਤੇ ਲਿਆ ਕੇ ਖੜ੍ਹਾ ਕਰ ਦਿੰਦੇ ਹਨ। ਨਾਵਲ ਦਾ ਆਰੰਭ ਮੌਜੂਦਾ ਸਥਿਤੀ ਦੀ ਚਿੰਤਾ ਤੋਂ ਹੁੰਦਾ ਹੈ। ਬਲਕਾਰ ਨਾਂ ਦਾ ਪਾਤਰ ਕਿਸੇ ਖ਼ਤਰੇ, ਮੁਸੀਬਤ ਜਾਂ ਕੁਝ ਵਾਪਰਨ ਦੀ ਉਡੀਕ ਕਰ ਰਿਹਾ ਹੈ। ਇਸ ਤੋਂ ਬਾਅਦ ਨਾਵਲ ਫਲੈਸ਼ ਬੈਕ ਵਿਧੀ ਰਾਹੀਂ ਅੱਗੇ ਵੱਧਦਾ ਹੈ। ਨਾਵਲ ਦਾ ਕਥਾ ਰਸ ਕਰਮਾ ਨਾਂ ਦੇ ਵਿਅਕਤੀ ਨੂੰ ਕੇਂਦਰ ਵਿਚ ਰੱਖ ਕੇ ਬੁਣਿਆ ਹੋਇਆ ਹੈ। ਨਾਵਲਕਾਰ ਪੰਜਾਬੀ ਸਭਿਆਚਾਰ ਦੀਆਂ ਮਾਨਤਾਵਾਂ ਦੇ ਬਿੰਬ ਨੂੰ ਪਰਵਾਸ ਵਿਚ ਪੁਨਰ-ਸੁਰਜੀਤ ਹੋ ਰਹੇ ਨਵੇਂ ਬਿੰਬ ਦੀ ਪੇਸ਼ਕਾਰੀ ਕਰਦਾ ਹੈ। ਨਾਵਲ ਵਿਦੇਸ਼ ਜਾਣ ਦੀਆਂ ਸਮੱਸਿਆਵਾਂ, ਮਨੁੱਖ ਦੀਆਂ ਲੋੜਾਂ, ਕੰਮ ਦਾ ਸੰਕਟ, ਪੈਸੇ ਦੀ ਦੌੜ, ਪਛਾਣ ਪੱਤਰਾਂ ਦੀ ਗ਼ਲਤ ਵਰਤੋਂ, ਚੰਗੇ ਦੋਸਤਾਂ ਦੀ ਚੋਣ, ਬਿਜ਼ਨਸ ਦੀਆਂ ਸਮੱਸਿਆਵਾਂ, ਹੀਣ ਭਾਵਨਾ ਆਦਿ ਵਿਸ਼ਿਆਂ ਨੂੰ ਮੁੱਖ ਰੱਖ ਕੇ ਨਾਵਲੀ ਬਣਤਰ ਨੂੰ ਉਲੀਕਿਆ ਗਿਆ ਹੈ। ਇਹ ਨਾਵਲ ਸਿੱਧੇ ਅਸਿੱਧੇ ਢੰਗ ਨਾਲ ਅਮਰੀਕਾ ਦੀ ਚਾਹਤ ਅਤੇ ਜ਼ਮੀਨ ਦੇ ਲਾਲਚ ਵੱਸ ਪਏ ਲੋਕਾਂ ਦੀ ਮਨੁੱਖੀ ਪਛਾਣ ਦੇ ਰਿਸ਼ਤਿਆਂ ਨੂੰ ਲੀਰੋ-ਲੀਰ ਕਰਦਾ ਦਿਖਾਇਆ ਹੈ। ਨਾਵਲ ਵਿੱਚ ਰਿਸ਼ਤਿਆਂ ਦੀਆਂ ਸਾਜ਼ਿਸ਼ਾਂ ਦੇ ਸ਼ਿਕਾਰ ਕਰਮਾ ਅਤੇ ਰੂਪ ਨਾਂ ਦੇ ਪਾਤਰ ਚੜ੍ਹਦੇ ਹਨ। ਪੰਜਾਬੀ ਸਭਿਆਚਾਰ ਦੀ ਰਹਿਤਲ ਅੰਦਰ ਲਾਲਸਾ ਦਾ ਤੰਤੂ ਭਾਰੂ ਹੋ ਕੇ ਰਿਸ਼ਤਿਆਂ ਅੰਦਰਲੇ ਖੋਖਲੇ ਹੋ ਚੁੱਕੇ ਸਮਾਜ ਦੀ ਪੇਸ਼ਕਾਰੀ ਕਰਦਾ ਹੈ।

ਰਿਸ਼ਤੇ-ਨਾਤੇ ਕਿਸੇ ਵੀ ਸਭਿਆਚਾਰ ਦੇ ਸਮਾਜਿਕ ਜੀਵਨ ਦੀ ਧੜਕਣ ਹੁੰਦੇ ਹਨ। ਕਿਸੇ ਸਭਿਆਚਾਰ ਦੀ ਸਮੁੱਚੀ ਬੁਣਤੀ ਵਿੱਚ ਇਹਨਾਂ ਰਿਸ਼ਤੇ-ਨਾਤਿਆਂ ਦਾ ਬਹੁਮੁੱਲਾ ਬੁਨਿਆਦੀ ਅਤੇ ਮੌਲਿਕ ਸਥਾਨ ਹੁੰਦਾ ਹੈ। ਕਿਸੇ ਸਭਿਆਚਾਰਕ ਬਣਤਰ ਵਿੱਚ ਪਰਿਵਾਰ ਮੁੱਢਲੀ ਇਕਾਈ ਦਾ ਕਾਰਜ ਕਰਦਾ ਹੈ। ਪਰਿਵਾਰ ਦੁਆਰਾ ਰਿਸ਼ਤੇ ਮੁੱਢਲਾ ਸਰੂਪ ਇਖ਼ਤਿਆਰ ਕਰਦੇ ਹਨ। ਇਸ ਤਰ੍ਹਾਂ ਕਿਸੇ ਵੀ ਸਮਾਜ ਵਿੱਚ ਦੋ ਤਰ੍ਹਾਂ ਦੇ ਰਿਸ਼ਤੇ ਹੁੰਦੇ ਹਨ, ਇਕ ਖ਼ੂਨ ਦਾ ਰਿਸ਼ਤਾ ਅਤੇ ਦੂਜਾ ਮਨੁੱਖ ਦੁਆਰਾ ਆਪ ਸਿਰਜਿਆ ਰਿਸ਼ਤਾ। ਇਹ ਰਿਸ਼ਤੇ-ਨਾਤੇ ਮਨੁੱਖ ਨੂੰ ਸਮਾਜਕ ਆਧਾਰ ਦਿੰਦੇ ਹਨ ਅਤੇ ਇਹਨਾਂ ਤੋਂ ਹੀ ਮਨੁੱਖ ਵਿੱਚ ਸਭਿਆਚਾਰਕ ਕਦਰਾਂ-ਕੀਮਤਾਂ ਦਾ ਜਨਮ ਹੁੰਦਾ ਹੈ। ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ਼ ਸੋਸ਼ਲਸਾਇੰਸਜ਼ ਅਨੁਸਾਰ,

> *"ਰਿਸ਼ਤਾ-ਨਾਤਾ ਮਾਨਵੀ ਸਮਾਜ ਵਿੱਚ ਸਰਬ-ਵਿਆਪਕ ਹੈ, ਇਸ ਲਈ ਇਹ ਵਿਵਹਾਰ ਵਿੱਚ ਬਕਾਇਦਗੀ ਅਤੇ ਸਮਾਜੀ ਗਰੁੱਪਾਂ ਦੀ ਘਾੜਤ ਵਿੱਚ ਅਹਿਮ ਰੋਲ ਅਦਾ ਕਰਦਾ ਹੈ।"*[1]

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ,

> *"ਰਿਸ਼ਤੇਦਾਰੀਆਂ ਦੀ ਭਰਪੂਰ ਫੁਲਵਾੜੀ ਵਿੱਚ ਹਰ ਤੰਦ ਦਾ ਆਪਣਾ ਨਿਵੇਕਲਾ ਸੁਹਜ ਹੋਣ ਕਰਕੇ ਉਸ ਦਾ ਖ਼ਾਸ ਮਹੱਤਵ ਹੈ। ਜੀਵਨ ਦੀ ਫੁਲਕਾਰੀ ਵਿੱਚ ਸਭ ਤੋਂ ਪੀਢੀ ਤੰਦ ਲਹੂ ਮਾਸ ਦੀ ਹੁੰਦੀ ਹੈ, ਜੋ ਫਿੱਕੀ ਭਾਵੇਂ ਪੈ ਜਾਵੇ, ਪਰ ਜਿਉਂਦੇ ਜੀਅ ਗੱਲ ਟੁੱਟਦੀ ਨਹੀਂ।"*[2]

ਇਨਸਾਈਕਲੋਪੀਡੀਆ ਆਫ਼ ਅਮਰੀਕਨ ਅਨੁਸਾਰ,

*"ਹਰ ਸਭਿਆਚਾਰ ਲਗਾਤਾਰ ਬਦਲਦਾ ਰਹਿੰਦਾ ਹੈ। ਬਦਲਾਅ/ਤਬਦੀਲੀ ਦੀ ਗਤੀ ਹੌਲੀ ਜਾਂ ਤੇਜ਼ ਹੋ ਸਕਦੀ ਹੈ ਕਿਉਂਕਿ ਸਭਿਆਚਾਰ ਵਿੱਚ ਕਈ ਸੰਬੰਧਿਤ ਹਿੱਸੇ ਹੁੰਦੇ ਹਨ, ਤਬਦੀਲੀ ਇਕ ਹਿੱਸੇ ਵਿੱਚ ਹੋਰਾਂ ਨੂੰ ਪ੍ਰਭਾਵਿਤ ਕਰਦੀ ਹੈ... ਕਈ ਕਾਰਕ ਇਕ ਸਭਿਆਚਾਰ ਨੂੰ ਬਦਲਣ ਦਾ ਕਾਰਨ ਬਣ ਸਕਦੇ ਹਨ, ਜਿਨ੍ਹਾਂ ਵਿੱਚ ਮੁੱਖ ਸ਼ਾਮਲ ਹਨ, ਵਾਤਾਵਰਨ ਵਿੱਚ ਤਬਦੀਲੀ, ਹੋਰ ਸਭਿਆਚਾਰਾਂ ਨਾਲ ਸੰਪਰਕ, ਕਾਢ ਅਤੇ ਸਭਿਆਚਾਰ ਦਾ ਹੋਰ ਵਿਕਾਸ।"*[3]

ਇਨਸਾਈਕਲੋਪੀਡੀਆ ਆਫ਼ ਵਿਕੀਪੀਡੀਆ ਦੀ ਧਾਰਨਾ ਅਨੁਸਾਰ,

*"ਸਭਿਆਚਾਰ ਦਾ ਪਰਿਵਰਤਨ ਜਾਂ ਸਭਿਆਚਾਰਕ ਬਦਲਾਅ, ਉਸ ਗਤੀਸ਼ੀਲ ਪ੍ਰਕਿਰਿਆ ਦਾ ਹਵਾਲਾ ਦਿੰਦੇ ਹਨ ਜਿਸ ਵਿੱਚ ਦੁਨੀਆ ਦੇ ਜੀਵਤ ਸਭਿਆਚਾਰ ਬਦਲ ਰਹੇ ਹਨ ਅਤੇ ਬਾਹਰੀ ਜਾਂ ਅੰਦਰੂਨੀ ਤਾਕਤਾਂ ਦੇ ਅਨੁਕੂਲ ਹੋ ਰਹੇ ਹਨ। ਇਹ ਪ੍ਰਕਿਰਿਆ ਪੱਛਮੀ ਸਭਿਆਚਾਰ ਦੇ ਨਾਲ-ਨਾਲ ਗ਼ੈਰ-ਪੱਛਮੀ ਅਤੇ ਸਵਦੇਸ਼ੀ ਸਭਿਆਚਾਰ ਅਤੇ ਦੁਨੀਆ ਦੇ ਸਭਿਆਚਾਰ ਦੇ ਅੰਦਰ ਵੀ ਇਕੱਤਰ ਹੋ ਰਹੀ ਹੈ। ਉਹ ਤਾਕਤਾਂ ਜੋ ਸਭਿਆਚਾਰਕ ਬਦਲਾਅ ਵਿੱਚ ਹਿੱਸੇਦਾਰੀ ਪਾਉਂਦੀਆਂ ਹਨ, ਬਸਤੀਵਾਦ, ਵਿਸ਼ਵੀਕਰਨ, ਸੰਚਾਰ ਵਿੱਚ ਤਰੱਕੀ, ਆਵਾਜਾਈ ਅਤੇ ਬੁਨਿਆਦੀ ਢਾਂਚਾ, ਸੁਧਾਰ ਅਤੇ ਫ਼ੌਜੀ ਵਿਸਥਾਰ।"*[4]

ਇਸ ਤਰ੍ਹਾਂ ਹਰ ਸਮਾਜ ਵਿੱਚ ਰਿਸ਼ਤੇਦਾਰੀ, ਇਕ ਦੂਜੇ ਨਾਲ ਸੰਬੰਧ ਅਤੇ ਇਕ ਦੂਜੇ ਦਾ ਸਨਮਾਨ ਹੀ ਸਭਿਆਚਾਰ ਦੀ ਪਹਿਚਾਣ ਹੁੰਦਾ ਹੈ। ਜਿਸ ਸਮਾਜ ਵਿੱਚ ਰਿਸ਼ਤੇ ਨਾਤੇ ਡੂੰਘੇ ਹੁੰਦੇ ਹਨ, ਉਹ ਸਭਿਆਚਾਰ ਉਨ੍ਹਾਂ ਹੀ ਅਮੀਰ ਹੁੰਦਾ ਹੈ। ਹਰੇਕ ਸਭਿਆਚਾਰ ਵਿੱਚ ਰਿਸ਼ਤੇ ਨਾਤਿਆਂ ਦੀ ਪਰੰਪਰਾ ਅਨੁਸਾਰ ਆਪਣੀ-ਆਪਣੀ ਵਿੱਥ ਹੁੰਦੀ ਹੈ। ਪੰਜਾਬੀ ਸਭਿਆਚਾਰ ਵਿੱਚ ਹਰ ਰਿਸ਼ਤੇ ਲਈ ਢੁਕਵਾਂ ਸ਼ਬਦ ਵਰਤਿਆ ਜਾਂਦਾ ਹੈ ਹਰ ਰਿਸ਼ਤੇ ਦੀ ਮਰਯਾਦਾ ਰੱਖ ਕੇ ਆਦਰ ਸਤਿਕਾਰ ਦੇ ਭਾਵਾਂ ਨੂੰ ਪ੍ਰਗਟਾਇਆ ਜਾਂਦਾ ਹੈ। ਇਸ ਤਰ੍ਹਾਂ ਕਿਸੇ ਵੀ ਸਮਾਜ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਦਾ ਆਧਾਰ ਮਨੁੱਖੀ ਸਾਕਾਦਾਰੀ ਹੁੰਦਾ ਹੈ। ਰਿਸ਼ਤੇ ਨਾਤੇ ਮੁੱਖ ਰੂਪ ਵਿੱਚ ਪ੍ਰਕਿਰਤਿਕ, ਜੀਵ-ਵਿਗਿਆਨਕ ਅਤੇ ਸਭਿਆਚਾਰਕ ਪਰੰਪਰਾਵਾਂ ਉੱਪਰ ਸਿਰਜੇ ਤੇ ਸਵੀਕਾਰ ਕੀਤੇ ਜਾਂਦੇ ਹਨ। ਰਿਸ਼ਤੇ ਨਾਤੇ ਮਨੁੱਖ ਦੀ ਸਮਾਜਕ ਹੋਂਦ ਨੂੰ ਪ੍ਰਗਟਾਉਂਦੇ ਹਨ ਅਤੇ ਉਸ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਅੱਗੇ ਤੋਰਦੇ ਹਨ। ਨਾਵਲ ਦੇ ਧਰਾਤਲੀ ਸਰੂਪ ਨੂੰ ਵਿਅਕਤ ਕਰਦੇ ਬਿਰਤਾਂਤ ਰਿਸ਼ਤਿਆਂ ਦੀ ਸਦਾਚਾਰਕਤਾ ਨੂੰ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦਾ ਉਲੰਘਣ ਅਤੇ ਪਾਕੀਜ਼ਗੀ ਨਾਲ ਸਹਿਜਤਾ ਕਾਇਮ ਕਰਦੇ ਹਨ।

ਬਸਤੀਵਾਦ, ਉੱਤਰ ਬਸਤੀਵਾਦ ਤੋਂ ਉਪਰੰਤ ਸਰਮਾਏਦਾਰੀ ਨਵੇਂ ਰੂਪ ਵਿੱਚ ਵਿਸ਼ਵੀਕਰਨ ਦਾ ਵਰਤਾਰਾ ਪੈਦਾ ਕਰਦੀ ਹੈ। ਇਸ ਵਰਤਾਰੇ ਨੇ ਹਰੇਕ ਸਮਾਜ/ਰਿਸ਼ਤੇ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ। ਜਿਸ ਦਿਖਾਵੇ ਨਾਲ ਮਨੁੱਖ ਭਰਮ-ਭੁਲੇਖੇ ਸਿਰਜ ਕੇ ਮਾਇਆਵੀ ਸੰਸਾਰ ਵਿੱਚ ਦਿਖਾਵੇ ਵਜੋਂ ਅਪਣੱਤ ਦੇ ਭਾਵ ਸਿਰਜ ਰਿਹਾ ਹੈ ਅਸਲ ਉਹ ਸਿਰਫ਼ ਕੇਂਦਰ ਵਿੱਚ ਪੈਸੇ ਦੀ ਪ੍ਰਮੁੱਖਤਾ ਲਈ ਜਗ੍ਹਾ ਬਣਾਉਂਦਾ ਹੈ। ਬਸੰਤ ਕੌਰ, ਜੀਤ ਕੌਰ, ਰੁਪਿੰਦਰ ਕੌਰ (ਰੂਪ), ਕਰਮੇ ਦੀ ਮਾਂ-ਪੰਜਾਬੀ ਸਭਿਆਚਾਰ ਵਿਚ ਮਾਂ ਨੂੰ ਰੱਬ ਦਾ ਰੂਪ ਮੰਨਿਆ ਗਿਆ ਹੈ। ਮਾਂ ਦੀ ਸਦਾਚਾਰਕਤਾ ਲਈ ਬਹੁਤ ਸਾਰੇ ਬੰਦ ਮਿਲਦੇ ਹਨ- ਮਾਂਵਾਂ ਠੰਡੀਆਂ ਛਾਵਾਂ, ਮਾਂ ਰੱਬ ਦਾ ਰੂਪ, ਮਾਂ ਦਾ ਕਰਜ਼ ਕਦੇ ਨਹੀਂ ਲਹਿ ਸਕਦਾ, ਮਾਂ ਬੱਚਿਆਂ ਦੇ ਚੰਗੇ ਭਵਿੱਖ ਲਈ ਜਾਨ ਕੁਰਬਾਨ ਕਰ ਦਿੰਦੀ ਹੈ ਆਦਿ। ਹਰਮਿੰਦਰ ਚਹਿਲ ਵਿਸ਼ਵੀਕਰਨ ਦੇ ਯੁੱਗ ਵਿੱਚ ਪਰਵਾਸ ਦੀ ਪਦਾਰਥਵਾਦੀ ਚਾਹਤ ਦੌਰਾਨ ਮਾਂ ਦੇ ਆਦਰਸ਼ਕ ਰੂਪ ਨੂੰ ਬਦਲਵੇਂ ਪ੍ਰਸੰਗ ਵਿੱਚ ਪੇਸ਼ ਕਰਦਾ ਹੈ ਵਿਦੇਸ਼ ਜਾ ਕੇ ਪੰਜਾਬੀ ਮਾਂ ਦੀਆਂ ਕਦਰਾਂ-ਕੀਮਤਾਂ ਤੇ ਅਹਿਸਾਸਾਂ ਦਾ ਰੂਪ ਬਦਲ ਜਾਂਦਾ ਹੈ। ਬਸੰਤ ਕੌਰ ਦੀ ਲਾਲਸਾ, ਹਉਮੈ, ਤਾਨਾਸ਼ਾਹੀ ਰਵੱਈਆ, ਹਰ ਰਿਸ਼ਤੇ ਨੂੰ ਸੂਲੀ 'ਤੇ ਟੰਗ ਦਿੰਦੀ ਹੈ। ਉਹ ਹਰ ਪਾਸੇ ਆਪਣੀ ਚਰਚਾ, ਚੰਗਿਆਈ ਦਾ ਢੰਡੋਰਾ ਸਥਾਪਿਤ ਕਰਕੇ ਛਾਅ ਜਾਣਾ ਚਾਹੁੰਦੀ ਹੈ। ਸੱਤਾ ਦਾ ਪ੍ਰਵਚਨ ਸਥਾਪਿਤ ਕਰਨ ਲਈ ਰਿਸ਼ਤਿਆਂ ਨੂੰ ਕਰੰਟ ਰਹਿਤ ਬਿਜਲੀ ਦੀਆਂ ਤਾਰਾਂ ਵਾਂਗ ਜੋੜਦੀ ਹੈ ਉੱਗੜੇ-ਦੁੱਗੜੇ ਰੂਪ ਵਿੱਚ ਲੱਗੀਆਂ ਤਾਰਾਂ ਕਰੰਟ ਪੈਦਾ ਹੋ ਜਾਣ 'ਤੇ ਸ਼ਾਰਟ ਸਰਕਟ ਪੈਦਾ ਹੁੰਦਾ ਹੈ। ਸੱਤਾ ਸਥਾਪਿਤ ਕਰਨ ਦੇ ਮਾਇਆ ਤੰਤਰੀ ਜਾਲ ਮਨੁੱਖੀ ਅਵਸਥਾਵਾਂ ਨੂੰ ਗਹਿਰੇ ਸੰਕਟ ਦਾ ਸ਼ਿਕਾਰ ਬਣਾ ਦਿੰਦੇ ਹਨ। ਇਹ ਅਵਸਥਾ ਅਜਿਹੀ ਬਣ ਜਾਂਦੀ ਹੈ ਜੋ ਕਿ ਕਿਸੇ ਦਾ ਕੁਝ ਸੰਵਾਰਨ ਦੀ ਬਜਾਏ ਉਸ ਦੇ ਜੀਵਨ/ਜ਼ਿੰਦਗੀ ਨੂੰ ਗਹਿਰੇ ਸੰਕਟ ਵਿੱਚ ਪਾ ਦਿੰਦੀ ਹੈ। ਲੇਖਕ ਨੇ ਇਸ ਅਵਸਥਾ ਦਾ ਕਿਤੇ ਕਰੂਰ ਰੂਪ ਪੇਸ਼ ਨਹੀਂ ਕੀਤਾ ਸਗੋਂ ਜੀਵਨ ਦੇ ਗਹਿਰੇ/ਮਹੀਨ/ਗੁੱਝੀਆਂ ਪਰਤਾਂ ਰਾਹੀਂ ਖ਼ੁਲਾਸਾ ਕੀਤਾ ਹੈ। ਪੈਸੇ ਦਾ ਲਾਲਚ ਹਉਮੈ ਨੂੰ ਇਸ ਕਦਰ ਲੈ ਜਾਂਦਾ ਹੈ ਕਿ ਉਸ ਨੂੰ ਪੈਸੇ ਦੇ ਸੰਸਾਰ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ। ਫੋਕੀ ਸ਼ੁਹਰਤ ਦੇ ਪਾਠ ਪੜ੍ਹਾਉਂਦੀ ਬਸੰਤ ਕੌਰ ਨਿੰਕੀ ਦੀਆਂ ਨਜ਼ਰਾਂ ਵਿਚ ਮਾਂ ਦਾ ਰੁਤਬਾ ਖੋਹ ਬੈਠਦੀ ਹੈ। ਉਸ ਨੂੰ ਹਰ ਸਮੱਸਿਆ ਦੀ ਜੜ੍ਹ ਉਸ ਦੀ ਮਾਂ ਬਸੰਤ ਕੌਰ ਜਾਪਣ ਲੱਗ ਜਾਂਦੀ ਹੈ ਉਹ ਵਾਪਰ ਚੁੱਕੀਆਂ ਘਟਨਾਵਾਂ ਤੇ ਝਾਤ ਮਾਰਦਿਆਂ ਹਰ ਸਮਝ ਲਈ ਆਪਣੀ ਮਾਂ ਨੂੰ ਦੋਸ਼ੀ ਕਰਾਰ ਦਿੰਦੀ ਹੈ ਅਤੇ ਕਰਮੇ ਦੇ ਹੱਕ ਵਿਚ ਖੜ੍ਹ ਕੇ ਸਾਥ ਨਿਭਾਉਣ ਦਾ ਅਸਲ ਫ਼ਰਜ਼ ਜਾਣ ਲੈਂਦੀ ਹੈ। ਨਿੰਕੀ ਕੁਝ ਘਟਨਾਵਾਂ, ਪਰਿਸਥਿਤੀਆਂ ਦੌਰਾਨ ਬਸੰਤ ਕੌਰ ਤੋਂ ਕਿਨਾਰਾ ਕਰਦੀ ਹੈ ਅਤੇ ਉਸ ਦੇ ਅਸਲ ਚਿਹਰੇ ਨੂੰ ਨੰਗਿਆਂ ਕਰਦੀ ਹੈ। ਬਸੰਤ ਕੌਰ ਨਿੰਕੀ ਨੂੰ ਮਾਂ ਦੇ ਲਿਹਾਜ਼ ਦਾ ਮਿਹਣਾ ਮਾਰਦੀ ਹੈ ਤਾਂ ਨਿੰਕੀ ਇਨਸਾਨੀ ਭਾਵਾਂ ਦਾ ਸਮਰਥਨ ਕਰਦੀ ਪਾਕੀਜ਼ਗੀ ਦਾ ਸਾਥ ਦਿੰਦੀ ਹੈ ਨਾ ਕਿ ਆਦਰਸ਼ਕ ਮਾਂ ਦੇ ਬਿੰਬ ਹੇਠ ਗ਼ੁਲਾਮ ਹੁੰਦੀ ਹੈ। ਨਾਵਲ ਵਿੱਚ ਬਸੰਤ ਕੌਰ ਰਿਸ਼ਤਿਆਂ ਦੀ ਮਰਯਾਦਾ ਨੂੰ ਭੁੱਲ ਕੇ ਸੱਤਾ ਅਤੇ ਲਾਲਸਾ ਵਿੱਚ ਖਚਤ ਹੋ ਕੇ ਮਾਂ ਹੋਣ ਦਾ ਫ਼ਰਜ਼ ਭੁੱਲ ਜਾਂਦੀ ਹੈ।

ਪੰਜਾਬੀ ਸਮਾਜ ਵਿਚ ਪਿੱਤਰ-ਸੱਤਾ ਦੀ ਸੋਚ ਭਾਰੂ ਹੋਣ ਦਾ ਕਾਰਨ ਔਰਤ ਦੇ ਸਾਹਮਣੇ ਔਰਤ ਨੂੰ ਖੜ੍ਹਾ ਕਰ ਦਿੱਤਾ ਜਾਂਦਾ ਹੈ। ਇਹ ਨਾਵਲ ਪੰਜਾਬੀ ਸਮਾਜ ਦੀ ਅਜਿਹੀ ਪਿੱਤਰ-ਸੱਤਾ ਦਾ ਅਮਰੀਕਾ ਵਰਗੇ ਮੁਲਕ ਵਿਚ ਹੋਂਦ ਨੂੰ ਨਕਾਰਿਆ ਗਿਆ ਹੈ। ਨਿੰਕੀ ਕਰਮੇ ਦੇ ਕਾਗ਼ਜ਼ੀ ਵਿਆਹ ਲਈ ਕਰਮੇ 'ਤੇ ਖ਼ੁਦ ਜ਼ੋਰ ਪਾਉਂਦੀ ਹੈ। ਕਾਗ਼ਜ਼ੀ/ਫ਼ਰਜ਼ੀ ਵਿਆਹ ਵਿਦੇਸ਼ਾਂ ਦੀ ਸਹਿਜ ਮੁਲਕ ਅਵਸਥਾ ਬਣ ਜਾਂਦੀ ਹੈ। ਨਿੰਕੀ ਕਰਮੇ ਨੂੰ ਸਹਿਮਤ ਕਰਕੇ ਰੂਪ ਨਾਲ ਵਿਆਹ ਕਰਾਉਣ ਲਈ ਰਾਜ਼ੀ ਕਰ ਲੈਂਦੀ ਹੈ। ਕਰਮੇ ਲਈ ਵੀ ਇਹ ਗੱਲ ਝਟਕਾ ਸਾਬਤ ਹੁੰਦੀ ਹੈ ਪਰ ਨਿੰਕੀ ਵੱਲੋਂ ਮਿਲੇ ਹੁੰਗਾਰੇ ਤੋਂ ਉਹ ਸਹਿਜ ਭਾਵ ਵਿਚ ਤਾਂ ਆ ਜਾਂਦਾ ਹੈ ਪਰ ਉਹ ਮਾਨਸਿਕ ਤੌਰ ਤੇ ਨਿੰਕੀ ਨੂੰ ਤਲਾਕ ਦੇਣ ਲਈ ਤਿਆਰ ਨਹੀਂ ਹੈ। ਇਸ ਦਾ ਅਹਿਸਾਸ ਕਰਮੇ ਦੁਆਰਾ ਕੰਮ ਕਰਦੇ ਸਮੇਂ ਅੰਗੂਠੇ ਦਾ ਕੱਟਿਆ ਜਾਣਾ ਹੈ। ਉਸ ਅੰਦਰ ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਵਿੱਚ ਪਏ ਪਤੀ ਦੇ ਇਕ ਤੋਂ ਵੱਧ ਪਤਨੀਆਂ ਦਾ ਕਰੂਰ

ਰੂਪ ਸਾਹਮਣੇ ਆ ਜਾਂਦਾ ਹੈ। ਇਸ ਸੰਘਰਸ਼ ਦੇ ਚਲਦਿਆਂ ਕਰਮਾ ਨਿੰਕੀ ਦੇ ਕਹਿਣ ’ਤੇ ਰੂਪ ਨਾਲ ਫ਼ਰਜ਼ੀ ਵਿਆਹ ਕਰਵਾ ਲੈਂਦਾ ਹੈ। ਦੂਜੇ ਪਾਸੇ ਰੂਪ ਭਰ ਜਵਾਨੀ ਵਿੱਚ ਵਿਧਵਾ ਹੋਣ ਕਰਕੇ ਇਹ ਗੱਲ ਸੁਚੇਤ ਤੌਰ ’ਤੇ ਜਾਣਦੀ ਹੈ ਕਰਮੇ ਨਾਲ ਉਸ ਦਾ ਵਿਆਹ ਫ਼ਰਜ਼ੀ ਹੈ ਪਰ ਇਹ ਫ਼ਰਜ਼ੀ ਵਿਆਹ ਵੀ ਉਸ ਲਈ ਆਸ ਦੀ ਕਿਰਨ ਜਗਾਉਂਦਾ ਹੈ। ਕਰਮਾ ਰੂਪ ਦੇ ਅਹਿਸਾਸਾਂ ਦੀ ਕਦਰ ਕਰਦਾ ਉਸ ਤੋਂ ਇਹ ਆਸਰਾ ਨਹੀਂ ਖੋਹਣਾ ਚਾਹੁੰਦਾ। ਨਿੰਕੀ ਨਾਲ ਫ਼ਰਜ਼ੀ ਤਲਾਕ ਹੋਣ ’ਤੇ ਅਤੇ ਰੂਪ ਨਾਲ ਫ਼ਰਜ਼ੀ ਵਿਆਹ ਕਰਮੇ ਦੇ ਜੀਵਨ/ਸੁਭਾਅ ਵਿਚ ਕੋਈ ਬਦਲਾਵ ਨਹੀਂ ਕਰਦੇ ਉਹ ਆਪਣੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਰੂਪ ਨੂੰ ਵੀ ਆਪਣੀ ਜ਼ਿੰਮੇਵਾਰੀ ਹਿੱਸਾ ਮੰਨ ਲੈਂਦਾ ਹੈ। ਨਿੰਕੀ ਦੇ ਮਨ ਵਿਚ ਬਸੰਤ ਕੌਰ ਜੋ ਕਿ ਅਜਿਹੀ ਪਾਤਰ ਹੈ ਜਿਸ ਨੂੰ ਸਮਾਜ ਵਿਚ ਸ਼ਾਂਤੀ ਪਸੰਦ ਨਹੀਂ ਹੈ। ਉਹ ਕਰਮੇ ਨੂੰ ਹਰ ਵਕਤ ਨੰਗ ਜੱਟ ਹੋਣ ਦਾ ਮਿਹਣਾ ਮਾਰਦੀ ਹੈ, ਇਸ ਦੇ ਬਾਵਜੂਦ ਵੀ ਹਰ ਵਾਰ ਕਰਮੇ ਨੂੰ ਆਪਣੀ ਟਿਕਟ ਦਾ ਖ਼ਰਚ ਭੇਜਣ ਲਈ ਜ਼ੋਰ ਵੀ ਪਾਉਂਦੀ ਹੈ। ਬਸੰਤ ਕੌਰ ਦੇ ਉਜ਼ਰ ਕਰਨ ’ਤੇ ਨਿੰਕੀ ਕਰਮੇ ’ਤੇ ਸ਼ੱਕ ਪ੍ਰਗਟਾਉਂਦੀ ਹੈ ਪਰ ਉਹ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਬਹੁਤ ਜਲਦ ਸਮਝਦਾਰੀ ਕੰਮ ਲੈਂਦੀ ਹੋਈ ਹਰ ਮਸਲੇ ਨੂੰ ਸੰਭਾਲਦੀ ਹੈ। ਬਸੰਤ ਕੌਰ ਵਿਦੇਸ਼ਾਂ ਦੇ ਬਣਾਏ ਕਾਨੂੰਨਾਂ ਦਾ ਨਜਾਇਜ਼ ਫ਼ਾਇਦਾ ਚੁੱਕਦੀ ਹੈ। ਨਿੰਕੀ ਕਈ ਵਾਰ ਆਪਣੀ ਮਾਂ ਦੇ ਵਤੀਰੇ ਤੋਂ ਇੰਨਾ ਤੰਗ ਆ ਜਾਂਦੀ ਹੈ ਕਿ ਹਰ ਪਰੇਸ਼ਾਨੀ ਦਾ ਮੂਲ ਕਾਰਨ ਆਪਣੀ ਮਾਂ ਨੂੰ ਮੰਨਦੀ ਹੈ। ਨਿੰਕੀ ਪਤਨੀ ਦੇ ਤੌਰ ਤੇ ਸਾਰੇ ਫ਼ਰਜ਼ ਅਦਾ ਕਰਦੀ ਹੋਈ ਰੂਪ ਲਈ ਕੋਈ ਨਫ਼ਰਤ ਦੇ ਭਾਵ ਨਹੀਂ ਰੱਖਦੀ, ਸਗੋਂ ਹਮਦਰਦੀ ਵਾਲਾ ਰਵੱਈਆ ਅਪਣਾਉਂਦੀ ਹੋਈ ਉਸ ਦਾ ਸਾਥ ਦਿੰਦੀ ਹੈ। ਕੁਝ ਪਰਿਸਥਿਤੀਆਂ ਵਿਚ ਨਿੰਕੀ ਨੂੰ ਆਪਣੇ ਘਰ ਦੇ ਖ਼ਰਚ ਦਾ ਖ਼ਿਆਲ ਵੀ ਆਉਂਦਾ ਹੈ ਤਾਂ ਉਹ ਆਪਣੀ ਮਾਂ ਦੇ ਗ਼ਲਤ ਲਏ ਫ਼ੈਸਲਿਆਂ ’ਤੇ ਰੰਜ ਕਰਦੀ ਹੈ। ਕਰਮੇ ਦੀ ਹਰ ਮੁਸ਼ਕਲ ਨੂੰ ਸਮਝਦਾਰੀ ਨਾਲ ਨਿਭਾਉਂਦਿਆਂ ਨਿੰਕੀ ਮੋਢੇ ਨਾਲ ਮੋਢਾ ਜੋੜ ਕੇ ਖੜਦੀ ਹੈ। ਰੂਪ ਦਾ ਕਰਮੇ ਨਾਲ ਆਉਣਾ ਜਾਣ ਉਸ ਲਈ ਕੋਈ ਈਰਖਾ ਨਹੀਂ ਹੈ ਨਿੰਕੀ ਦੀ ਮਾਂ ਨਿੰਕੀ ਦੇ ਦਿਮਾਗ਼ ਵਿਚ ਈਰਖਾ ਦੇ ਭਾਵ ਬੀਜਦੀ ਹੈ ਤਾਂ ਉਹ ਅਣਗੌਲਿਆ ਕਰ ਦਿੰਦੀ ਹੈ। ਉਹ ਰੂਪ ਦੀ ਮਜਬੂਰੀ ਦਾ ਵਾਸਤਾ ਪਾ ਕੇ ਮਾਂ ਨੂੰ ਈਰਖਾ ਵਾਲੇ ਭਾਵਾਂ ਤੋਂ ਮੁਕਤ ਹੋਣ ਲਈ ਵਾਸਤਾ ਪਾਉਂਦੀ ਹੈ। ਨਿੰਕੀ ਰੂਪ ਦੀ ਅਵਸਥਾ ਨੂੰ ਬੜੇ ਸਲੀਕੇ ਨਾਲ ਸਮਝਦੀ ਹੈ ਅਤੇ ਇਸ ਰਿਸ਼ਤੇ ਵਿਚ ਕੋਈ ਈਰਖਾ ਭਾਵ ਨਹੀਂ ਜਗਾਉਂਦੀ।

ਪੰਜਾਬੀ ਸਭਿਆਚਾਰ ਦੀਆਂ ਮਾਨਤਾਵਾਂ ਭਰਾ-ਭਰਾ ਹੁੰਦੇ ਆ, ਭੱਜੀਆਂ ਬਾਂਹਾਂ ਗੱਲ ਨੂੰ ਆਉਂਦੀਆਂ, ਆਪਣਾ ਮਾਰੂਗਾ ਤਾਂ ਛਾਵੇਂ ਸਿੱਟੂਗਾ, ਬਾਂਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਸੰਗ ਆਦਿ ਲੋਕ ਪ੍ਰਸੰਗਾਂ ਨੂੰ ਪਰਵਾਸੀ ਪੰਜਾਬੀ ਸਭਿਆਚਾਰ ਦੀਆਂ ਮਿੱਥ ਭੰਜਕ ਹੁੰਦੀਆਂ ਨਜ਼ਰ ਆਉਂਦੀਆਂ ਹਨ। ਭਰਾ ਭਰਾ ਹੋ ਕੇ ਭਰਾ ਨੂੰ ਖਾ ਜਾਂਦੇ ਹਨ, ਭੱਜੀਆਂ ਬਾਂਹਾਂ ਗੱਲ ਨੂੰ ਘੁੱਟਣ ਲਈ ਆਉਂਦੀਆਂ ਨੇ, ਕਰਮਾ ਭਰਾਵਾਂ ਦੇ ਲਾਲਚ ਦਾ ਸ਼ਿਕਾਰ ਬਣਦਾ ਆਦਿ ਆਪਣਾ ਤਾਂ ਮਾਰਨ ’ਚ ਕੋਈ ਕਸਰ ਹੀ ਨਹੀਂ ਛੱਡਦਾ। ਕਰਮਾ ਭਰਾਵਾਂ ਦੇ ਵਿਛਾਏ ਭਰਮ ਜਾਲ ਦਾ ਸ਼ਿਕਾਰ ਹੋ ਜਾਂਦਾ ਹੈ ਉਹ ਘਰ ਨੂੰ ਆਰਥਿਕ ਤੌਰ ’ਤੇ ਸੁਰਖ਼ਰੂ ਕਰਦਾ ਘਰ ਤੋਂ ਹੀ ਸੁਰਖ਼ਰੂ ਕਰ ਦਿੱਤਾ ਜਾਂਦਾ ਹੈ।

*“ਪੇਂਡੂ ਜੀਵਨ ਜਾਚ ਦੀ ਲਗਭਗ ਸਥਿਰ ਪੁਸ਼ਤ-ਦਰ-ਪੁਸ਼ਤ ਵਸੇਬਾ, ਪੱਕੀ ਪੇਸ਼ਾਵਰ ਵੰਡ ਤੇ ਜੱਦੀ-ਪੁਸ਼ਤੀ ਘਰ, ਪਰਿਵਾਰ ਸ਼ਰੀਕਾ ਬਰਾਦਰੀ ਤੇ ਇਸ ਨਾਲ ਜੁੜੇ ਕੰਮ, ਸਾਕਾਦਾਰੀਆਂ, ਰਸਮਾਂ ਅਤੇ ਹੋਰ ਭਾਈਚਾਰਕ ਲੋਕਾਚਾਰ ਤੇ ਸਰਗਰਮੀਆਂ ਦਾ ਇਕ ਹੰਢਣਸਾਰ ਲੋਕਧਾਰਾਈ ਵਰਤਾਰਾ ਬਣਿਆ ਹੁੰਦਾ ਹੈ, ਪਰ ਅਜੋਕੇ ਦੌਰ ਵਿੱਚ ਇਹ ਸਭ ਕੁਝ ਇਕ ਤਿੱਖੇ ਆਰਥਿਕ ਸਭਿਆਚਾਰਕ ਰੂਪਾਂਤਰਨ ਦੇ ਅਮਲ ਵਿਚੋਂ ਗੁਜ਼ਰ ਰਿਹਾ ਹੈ। ਰੂਪਾਂਤਰਨ ਦੇ ਇਸ ਵਰਤਾਰੇ ਨੇ ਆਧੁਨਿਕ ਜਮਹੂਰੀ ਜਾਂ ਹੋਰ ਗ਼ੈਰ-ਜਮਹੂਰੀ ਰਾਜਸੀ ਸਿਸਟਮਾਂ ਤੇ ਇਸ ਦੇ ਤਾਕਤਵਰ ਪ੍ਰਬੰਧਕੀ ਅਦਾਰਿਆਂ ਰਾਹੀਂ ਪ੍ਰਾਚੀਨ, ਸਹਿਜ, ਸਰਲ, ਕੁਦਰਤੀ, ਹੰਢਣਸਾਰ ਸਮੂਹਿਕ ਜੀਵਨ ਸ਼ੈਲੀ ਨੂੰ ਤੋੜ ਭੰਨ ਕੇ ਤੇਜ਼, ਗੁੰਝਲਦਾਰ, ਬਨਾਵਟੀ ਮੁੱਖ, ਮਸ਼ੀਨੀ, ਵਕਤੀ, ਨਿਜਪਰਕ ਅਤੇ ਮੰਡੀ ਮੁੱਖ ਕਰ ਦਿੱਤਾ ਹੈ।”* [5]

ਕਰਮਾ ਭਰਾਵਾਂ ਦੀ ਹਿੰਸਾ ਦਾ ਸ਼ਿਕਾਰ ਹੁੰਦਾ ਹੋਇਆ ਜ਼ਿੰਦਗੀ ਦੇ ਅੰਤਿਮ ਪੜਾਅ ਤੱਕ ਪਹੁੰਚ ਜਾਂਦਾ ਹੈ। ਕਰਮਾ ਭਰਾਵਾਂ ਦੀ ਸੂਖਮ ਹਿੰਸਾ ਤੋਂ ਅਣਜਾਣ ਉਹਨਾਂ ’ਤੇ ਵਾਰ ਵਾਰ ਵਿਸ਼ਵਾਸ ਕਰਦਾ ਹੈ ਪਰ ਇਕ ਦਿਨ ਵਿਸ਼ਵਾਸ ਦਾ ਵੀ ਵਿਸ਼ਵਾਸਘਾਤ ਹੋ ਜਾਂਦਾ ਹੈ। ਇਹ ਵਿਸ਼ਵਾਸਘਾਤ ਕੇਵਲ ਜ਼ਮੀਨ ਖੋਹਣ ਦੀ ਪੱਧਰ ਹੀ ਨਹੀਂ ਹੁੰਦਾ ਸਗੋਂ ਹਰ ਰਿਸ਼ਤੇ ਨੂੰ ਉਸ ਤੋਂ ਦੂਰ ਕਰਕੇ ‘ਪੈਸੇ ਦਾ ਪੁੰਜ’ ਹੋਣ ਦਾ ਫ਼ਤਵਾ ਵੀ ਕਰਮੇ ਦੀ ਝੋਲੀ ਹੀ ਪੈਂਦਾ ਹੈ। ਇਸ ਵਿਚ ਕਰਮੇ ਦੀ ਹਰ ਸਥਿਤੀ ਨਾਲ ਖ਼ੁਦ ਨਜਿੱਠਣ ਦੀ ਤਾਕਤ ਜਿਸ ਨੂੰ ਉਹ ਘਰਦਿਆਂ ਤੋਂ ਲੁਕਾ ਲੈਂਦਾ ਸੀ। ਪਰਿਵਾਰ ਕਰਮੇ ਦੁਆਰਾ ਭੇਜੇ ਗਏ ਪੈਸਿਆਂ ਨਾਲ ਸਰੋਕਾਰ ਰੱਖਦਾ ਸੀ ਅਤੇ ਕਰਮੇ ਦੇ ਸਹੁਰੇ ਪਰਿਵਾਰ ਦੀ ਜ਼ਮੀਨ ਦੀ ਲਾਲਸਾ ਵਿਚ ਖਚਿਤ ਹੋਈ ਬਸੰਤ ਕੌਰ ਕਰਮੇ ਨੂੰ ਨੰਗ ਜੱਟ ਕਹਿ ਕੇ ਸੰਬੋਧਨ ਕਰਨਾ, ਉਸ ਦੁਆਰਾ ਕਰਮੇ ਨੂੰ ਸਵੀਕਾਰ ਨਾ ਕਰਨਾ ਹੈ। ਉਹ ਅਮਰੀਕਾ ਦੇ ਨਾਂ ਕਰਕੇ ਕਰਮੇ ਨਾਲ ਨਿੰਕੀ ਦਾ ਰਿਸ਼ਤਾ ਤੈਅ ਕਰਨ ਲਈ ਰਾਜ਼ੀ ਹੁੰਦੀ ਹੈ। ਉਸ ਦੀ ਇਹ ਸੋਚ ਕਰਮੇ ਨੂੰ ਵਾਰ ਵਾਰ ਸੂਖਮ ਹਿੰਸਾ ਦਾ ਸ਼ਿਕਾਰ ਬਣਾਉਂਦੀ ਹੈ।

ਮਨੁੱਖ ਪਦਾਰਥਕ ਲੋੜਾਂ ਦੀ ਪੂਰਤੀ ਅਤੇ ਪਦਾਰਥਕ ਸੁਖ ਸਹੂਲਤਾਂ ਦੀ ਚਾਹਤ ਵਿਚ ਪ੍ਰਤਿਮਾਨਕ ਮਾਨਤਾਵਾਂ ਨਾਲ ਸਮਝੌਤਾ ਕਰਕੇ ਕਾਨੂੰਨ ਨੂੰ ਵਰਤਣਾ ਸ਼ੁਰੂ ਕਰ ਦਿੰਦਾ ਹੈ। ਪਦਾਰਥ ਦੀ ਹੋੜ ਵਿਅਕਤੀ ਨੂੰ ਮੁਰਦਾ ਹੋਣ ਤੱਕ ਲੈ ਜਾਂਦੀ ਹੈ, ਉਹ ਸੁਚੇਤ ਹੁੰਦਾ ਹੋਇਆ ਵੀ ਅਚੇਤਨ ਤੌਰ ’ਤੇ ਕਦੋਂ ਮੁਰਦਾ ਚਿਤ ਹੋਣ ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ ਇਹ ਉਸ ਨੂੰ ਸਮੇਂ ਦੇ ਬੀਤ ਜਾਣ ਤੋਂ ਬਾਅਦ ਹੀ ਪਤਾ ਲੱਗਦਾ ਹੈ। ਪਰਵਾਸ ਦੀ ਹੋਣੀ ਪਦਾਰਥਕ ਵਸਤਾਂ ਦੀ ਚਾਹਤ ਨਾਲ ਜੁੜੀ ਹੋਣ ਕਰਕੇ ਬੰਦਾ ਹੀਲੇ ਵਸੀਲੇ ਕਰਕੇ ਪ੍ਰਾਪਤ ਕਰ ਲੈਂਦਾ ਹੈ ਇਹ ਹੀਲੇ ਵਸੀਲੇ ਉਸ ਨੂੰ ਪ੍ਰਤਿਮਾਨਕ ਸਭਿਆਚਾਰ ’ਤੇ ਭਾਰੂ ਪੈਣ ਲਈ ਮਜਬੂਰ ਕਰ ਦਿੰਦੇ ਹਨ ਅਤੇ ਮਨੁੱਖੀ/ਇਨਸਾਨੀਅਤ ਦੇ ਭਾਵਾਂ ਨੂੰ ਅੱਖੋਂ ਓਹਲੇ ਕਰ ਦਿੰਦੇ ਹਨ। ਕਰਮੇ ਦਾ ਕੈਰਲ ਨਾਲ ਵਿਆਹ ਗਰੀਨ ਕਾਰਡ ਦੀ ਚਾਹਤ ਅਤੇ ਅਮਰੀਕਾ ਵਿਚ ਪੱਕੇ ਹੋਣ ਤੱਕ ਸੀਮਤ ਹੁੰਦਾ ਹੈ। ਕਰਮਾ ਕੈਰਲ ਦੀ ਬੱਚੀ ਨੂੰ ਅਨਾਥ ਕੇਂਦਰ ਵਿਚ ਛੱਡ ਕੇ ਆਉਣਾ, ਪੰਜਾਬੀ ਸਭਿਆਚਾਰ ਦੀਆਂ ਬਦਲ ਰਹੀਆਂ/ਕਰੂਰ ਰੂਪ ਧਾਰਨ ਕਰ ਰਹੀਆਂ ਕਦਰਾਂ-ਕੀਮਤਾਂ ਦਾ ਧਾਰਨੀ ਹੋ ਨਿਬੜਦਾ ਹੈ। ਨਾਵਲ ਬੰਦੇ ਦੇ ਮਨ ਦੀ ਅਜਿਹੀ ਅਵਸਥਾ ਵੱਲ ਪਾਠਕਾਂ ਦਾ ਧਿਆਨ ਧਰਾਉਂਦਾ ਹੈ ਕਿ ਨਾਵਲ ਦਾ ਮੁੱਖ ਪਾਤਰ ਸਮੱਸਿਆਵਾਂ ਨਾਲ ਨਜਿੱਠਦਾ ਹੋਇਆ, ਅਗਲੇ ਕਦਮਾਂ ਵੱਲ ਵਧਦਾ ਅਤਿ ਸੁਚੇਤ ਰਹਿੰਦਾ ਹੈ। ਇਹ ਚੇਤਨਾ ਉਸ ਨੂੰ ਕਦੋਂ ਬੰਦੇ ਅੰਦਰਲੇ ਭਾਵਾਂ ਦਾ ਘਾਣ ਕਰਕੇ ਆਰਥਿਕ ਵਸੀਲਿਆਂ ਦਾ ਸ਼ਿਕਾਰ ਬਣਾ ਦਿੰਦੀ ਹੈ ਅਤੇ ਇਸ ਨਾਲ ਉਸ ਦੀ ਜਾਨ

ਜੋਖ਼ਮ ਵਿਚ ਪੈ ਜਾਂਦੀ ਹੈ। ਕਰਮਾ ਆਪਣੇ ਭਰਾਵਾਂ ਤੋਂ ਆਪਣਾ ਹੱਕ ਲੈਣ ਦੀ ਚਾਹਤ ਵਿਚ ਇਹ ਭੁੱਲ ਜਾਂਦਾ ਹੈ ਕਿ ਧੱਕੇ ਨਾਲ ਜ਼ਮੀਨ ਦਾ ਹਿੱਸਾ ਪ੍ਰਾਪਤ ਕਰਨ ਨਾਲ ਉਸ ਨਾਲ ਭਰਾ-ਮਾਰ ਵੀ ਹੋ ਸਕਦੀ ਹੈ।

ਪੰਜਾਬੀ ਸਭਿਆਚਾਰ ਵਿਚ ਭਾਵੁਕਤਾ, ਅਹਿਸਾਸ ਦੇ ਮੱਦੇਨਜ਼ਰ ਰਿਸ਼ਤਿਆਂ ਦੇ ਤਵਾਜ਼ਨ ਦਾ ਗਹਿਰਾ ਅਹਿਸਾਸ ਫਿੱਕਾ ਨਜ਼ਰ ਆਉਂਦਾ ਹੈ। ਪੱਛਮੀ ਸਭਿਆਚਾਰ ਦੇ ਪਦਾਰਥ ਮੁਖੀ ਲੋੜਾਂ ਨੂੰ ਮੁੱਖ ਰੱਖ ਕੇ ਧੋਖੇ ਦੀ ਬਜਾਏ ਸਿੱਧਾ/ਸਪਾਟ/ਪਾਰਦਰਸ਼ੀ ਨਜ਼ਰ ਆਉਂਦਾ ਹੈ। ਨਾਵਲ ਦਾ ਮੁੱਖ ਪਾਤਰ ਦੋ ਸਭਿਆਚਾਰਾਂ ਦੀਆਂ ਮਾਨਤਾਵਾਂ ਦਾ ਸ਼ਿਕਾਰ ਹੁੰਦਾ ਹੋਇਆ ਸੁਹਿਰਦ ਤਰੀਕੇ ਨਾਲ ਨਜਿੱਠਦਾ ਹੈ। ਕਰਮਾ ਲੋਕਾਚਾਰੀ, ਸਦਾਚਾਰੀ, ਇਨਸਾਨੀਅਤ, ਮਦਦਗਾਰ, ਦੋਸਤ, ਪਤੀ, ਜਵਾਈ, ਪੁੱਤ, ਭਰਾ ਆਦਿ ਦੀ ਭੂਮਿਕਾ ਅਦਾ ਕਰਦਾ ਕਿਸੇ ਰਿਸ਼ਤੇ ਦਾ ਨਿਰਾਦਰ, ਹੀਣ ਭਾਵਨਾ, ਸਾਜਿਸ਼ ਆਦਿ ਦੀ ਆੜ ਲੈਂਦਾ ਨਜ਼ਰ ਨਹੀਂ ਆਉਂਦਾ। ਦੂਸਰੇ ਪਾਸੇ ਬਸੰਤ ਕੌਰ, ਗੁਰਿੰਦਰ ਸਿੰਘ, ਕਰਮੇ ਦੇ ਭਰਾ ਬਰਤਾਨਵੀ ਸਭਿਆਚਾਰ ਦੀ ਹਕੀਕਤ ਨੂੰ ਲੱਛਣ ਦੇ ਰੂਪ ਵਿੱਚ ਮੂਰਤੀਮਾਨ ਕਰਦੇ ਹਨ। ਇਨ੍ਹਾਂ ਲੋਕਾਂ ਰਾਹੀਂ ਪੱਛਮੀ ਸਮਾਜ-ਸਭਿਆਚਾਰ ਦੀ ਜੀਵਨ-ਵਿਧੀ ਵਿੱਚ ਵਿਆਪ ਰਹੀਆਂ ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਦੇ ਗੰਭੀਰ ਕਿਸਮ ਦੇ ਸੰਕਟ ਦੀ ਤਸਵੀਰ ਦਿਖਾਈ ਗਈ ਹੈ। ਪਰਵਾਸੀਆਂ ਅਨੁਸਾਰ ਗ਼ੈਰ-ਪਰੰਪਰਕ ਅਤੇ ਸੰਸਥਾ-ਵਿਰੋਧੀ ਜੀਵਨ ਜਿਉਣ ਵਾਲੇ ਇਹ ਲੋਕ ਆਪਣੇ ਹੋਂਦ-ਮੁਖੀ ਸਰੋਕਾਰਾਂ ਦੀ ਪੂਰਤੀ ਲਈ ਵਕਤੀ ਸੰਤੁਸ਼ਟੀ ਹਾਸਲ ਕਰਕੇ ਲਾਲਚ ਦੇ ਅਜਿਹੇ ਭੰਵਰ ਵਿੱਚ ਧਸ ਜਾਂਦੇ ਹਨ ਜਿੱਥੇ ਸਾਰੇ ਰਿਸ਼ਤੇ-ਨਾਤੇ ਲਾਲਚ ਸਾਹਮਣੇ ਛੋਟੇ ਜਾਪਦੇ ਹਨ। ਪੰਜਾਬੀ ਪਰਵਾਸ ਬੇਗਾਨੀਆਂ ਧਰਤੀਆਂ ’ਤੇ ਪੰਜਾਬੀ ਦੀ ਨਵੀਂ ਹੋਂਦ ਸਥਿਤੀ, ਬਦਲਦੀ ਜੀਵਨ ਸ਼ੈਲੀ, ਅੰਤਰਰਾਸ਼ਟਰੀ ਮੱਲਾਂ ਤੇ ਪੰਜਾਬੀਅਤ ਨਾਲ ਗਹਿਰੇ ਸਬੰਧਾਂ ਤੇ ਵਧਦੀ ਘਟਦੀ ਸਾਂਝ ਇਸ ਦੇ ਫ਼ੈਸਲਾਕੁਨ ਪਾਸਾਰ ਹਨ। ਪਿਛਲੇ ਪੰਜਾਹ ਸਾਲਾਂ ਵਿੱਚ ਵਿਕਸਿਤ ਮੁਲਕਾਂ ਵੱਲ ਪੰਜਾਬੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਪਰਵਾਸ ਨਿਰੰਤਰ ਤੇਜ਼ ਹੋਇਆ ਹੈ। ਆਪਣੀਆਂ ਪਰਵਾਸੀ ਸਮੱਸਿਆਵਾਂ, ਉੱਨਤ ਮੁਲਕਾਂ ਦੇ ਨਾਗਰਿਕ ਬਣਨ ਤੱਕ ਦੀਆਂ ਦੁਸ਼ਵਾਰੀਆਂ, ਨਾਗਰਿਕ ਬਣਕੇ ਵੀ ਬਰਦਾਸ਼ਤ ਕਰਨੇ ਪੈਂਦੇ ਵਿਤਕਰੇ ਤੇ ਅਪਮਾਨ, ਪਦਾਰਥਕ ਤਰੱਕੀਆਂ, ਸੁਖ ਸਹੂਲਤਾਂ ਅਤੇ ਪਰਵਾਸੀ ਅਨੁਭਵ ਤੋਂ ਉਤਪੰਨ ਵਿਕੋਲਿਤਰੇ ਸੁਖਦ ਅਤੇ ਤ੍ਰਾਸਦਿਕ ਅਨੁਭਵਾਂ ਨੇ ਜਿੱਥੇ ਪੰਜਾਬੀ ਪਰਵਾਸ ਨੂੰ ਕੇਂਦਰ ਵਿੱਚ ਲਿਆਂਦਾ ਹੈ ਉੱਥੇ ਪੰਜਾਬੀ ਪਰਵਾਸ ਤੇ ਪੰਜਾਬੀ ਭਾਈਚਾਰੇ ਦੇ ਟੁੱਟਦੇ ਜੁੜਦੇ ਘਟਦੇ ਅਤੇ ਲੋੜੀਂਦੇ ਸੰਬੰਧਾਂ ਨੇ ਨਵੀਂ ਸਥਿਤੀ ਪੈਦਾ ਕਰ ਦਿੱਤੀ ਹੈ। ਬਸੰਤ ਕੌਰ ਸਾਜ਼ਿਸ਼ ਰਚ ਕੇ ਰੂਪ ਨੂੰ ਪੁਲਿਸ ਨੂੰ ਫੜਵਾ ਦਿੱਤਾ ਸੀ ਤਾਂ ਰੂਪ ਜਿਸ ਸਟੋਰ ’ਤੇ ਕੰਮ ਕਰਦੀ ਸੀ ਉਸ ਦੇ ਮਾਲਕ (ਪਟੇਲ) ਨੇ ਕਰਮੇ ਨੂੰ ਸਭਿਆਚਾਰਕ ਕਦਰਾਂ-ਕੀਮਤਾਂ ਦਾ ਮਿਹਣਾ ਮਾਰਦਿਆਂ ਕਿਹਾ ਸੀ ਕਿ,

> *“ਮੈਨੇ ਸੁਨਾ ਥਾ ਕਿ ਸਰਦਾਰ ਲੋਗ ਅੱਛੇ ਹੋਤੇ ਐਂ। ਮਜ਼ਲੂਮ ਕੀ ਰਾਖੀ ਕਰਤੇ ਹੈਂ। ਔਰਤ ਪਰ ਜ਼ੁਲਮ ਨ੍ਹੀਂ ਹੋਨੇ ਦੇਤੇ। ਪਰ ਆਪ ਨੇ... ।”* [6]

ਕਰਮੇ ਦੀ ਗ਼ੈਰ ਹਾਜ਼ਰੀ ਵਿੱਚ ਰੂਪ ਬਸੰਤ ਕੌਰ ਦੇ ਛੜਯੰਤਰ ਦਾ ਸ਼ਿਕਾਰ ਹੁੰਦੀ ਹੋਈ ਮੁਸੀਬਤਾਂ ਵਿੱਚ ਘਿਰ ਜਾਂਦੀ ਹੈ ਰੂਪ ਨੂੰ ਵਿਦੇਸ਼ ਭੇਜਣ ਪਿੱਛੇ ਵੀ ਬਸੰਤ ਕੌਰ ਵੱਲੋਂ ਹੀ ਦਬਾਅ ਪਾਇਆ ਜਾਂਦਾ ਹੈ। ਨਾਵਲ ਦਾ ਬਿਰਤਾਂਤ ਉਸਾਰਨ ਲਈ ਨਾਵਲਕਾਰ ਨੇ ਬਸੰਤ ਕੌਰ ਵਰਗੇ ਪਾਤਰ ਨੂੰ ਖਿੱਚ ਦਾ ਕੇਂਦਰ ਬਣਾ ਕੇ ਲੋਕ-ਮਨ ਦੇ ਉੱਗੜੇ-ਦੁੱਗੜੇ ਮਨ ਦੀ ਅਕਾਸ਼ੀਂ ਪੇਸ਼ ਕੀਤੀ ਹੈ।

ਅੱਜ ਪੰਜਾਬੀ ਬੰਦਾ ਪੈਸੇ ਦੀ ਪੂਰਤੀ ਵਿਦੇਸ਼ਾਂ ਵਿੱਚ ਜਾ ਕੇ, ਹੱਡ ਭੰਨਵੀਂ ਮਿਹਨਤ ਕਰਕੇ ਕਰ ਰਿਹਾ ਹੈ। ਪਰ ਉਸ ਨੂੰ ਆਪਣੀਆਂ ਕਦੀਮੀ ਮਾਨਵੀ ਸਦਾਚਾਰਕਤਾ ਦੀ ਪੰਜਾਬੀ ਤਾਸੀਰ ਨੂੰ ਪਛਾਣਨ, ਉਸਾਰਨ ਅਤੇ ਉਭਾਰਨ ਦੀ ਅਹਿਮ ਲੋੜ ਹੈ। ਪੰਜਾਬੀਅਤ ਕੋਈ ਥੋੜ੍ਹ ਚਿਰਾ ਵਰਤਾਰਾ ਨਹੀਂ ਹੈ, ਸਗੋਂ ਸਦੀਆਂ ਦੇ ਸਾਂਝੇ ਅਨੁਭਵਾਂ ਵਿੱਚੋਂ ਉੱਸਰੀ ਸਖ਼ਤ ਕਿਰਤ ਕਮਾਈ ਕਰਨ ਵਾਲੇ ਚਰਿੱਤਰ ਦੀ ਸਮੁੱਚੀ ਜੀਵਨ ਰੌਂਅ, ਸਿਰਜਨਾਤਮਕਤਾ ਦਾ ਨਾਂ ਹੈ।

ਬੁਣਤੀ ਦੇ ਪੱਖ ਤੋਂ ਵਾਚਦਿਆਂ ਨਾਵਲ ਦਾ ਨਵੇਂ ਤਜਰਬਿਆਂ ਵੱਲ ਮੁਹਾਣ ਹੁੰਦਾ ਹੈ। ਪਾਠਕਾਂ ਦੀ ਖਿੱਚ ਨਾਇਕ ਪ੍ਰਤੀ ਨਾ ਹੋ ਕੇ ਖਲਨਾਇਕ ਦੀ ਪ੍ਰਤੀਨਿਧਤਾ ਕਰਦੇ ਪਾਤਰ ਬਸੰਤ ਕੌਰ ਵੱਲ ਪਾਠਕ ਵਧੇਰੇ ਖਿੱਚਿਆ ਜਾਂਦਾ ਹੈ। ਬਸੰਤ ਕੌਰ ਦਾ ਪਾਤਰ ਨਾਵਲਕਾਰ ਦੁਆਰਾ ਪਾਠਕਾਂ ਨੂੰ ਕਿਸੇ ਡੂੰਘੀ ਸੋਚ ਵੱਲ ਲੈ ਜਾਂਦਾ ਹੈ ਅਤੇ ਪਾਠਕ ਨੂੰ ਰੁਕਣ ਲਈ ਮਜਬੂਰ ਕਰ ਦਿੰਦਾ ਹੈ। ਨਾਵਲੀ ਪਾਠ ਪਾਠਕ ਨੂੰ ਸਮਾਜ ਦੇ ਅਜਿਹੇ ਭਰਮ ਜਾਲ ਦੇ ਦਰਸ਼ਨ ਕਰਵਾ ਦਿੰਦਾ ਹੈ ਕਿ ਪੰਜਾਬੀ ਸਭਿਆਚਾਰ ਦੀ ਵਿਆਹ ਸੰਸਥਾ ਡਾਵਾਂਡੋਲ ਹੋ ਗਈ ਨਜ਼ਰ ਆਉਂਦੀ ਹੈ। ਪਰਵਾਸ ਨੇ ਪੰਜਾਬੀ ਸਭਿਆਚਾਰ ਵਿਚ ਸਿੱਖ ਧਰਮ ਦੀ ਆਸਥਾ ਵਾਲੇ ਗੁਰੂ ਰਾਮਦਾਸ ਜੀ ਦੀ ਬਾਣੀ ‘ਲਾਵਾਂ’ ਦੇ ਪਾਠ ਨੂੰ ਝੂਠਾ ਸਾਬਤ ਕਰ ਦਿੱਤਾ ਨਜ਼ਰ ਆਉਂਦਾ ਹੈ। ਇਸ ਨੂੰ ਨਾਵਲ ਵਿਚ ਗੁਰਿੰਦਰ ਅਤੇ ਰੁਪਿੰਦਰ ਦਾ ਵਿਆਹ ਧਾਰਮਿਕ ਰਸਮਾਂ-ਰੀਤਾਂ ਦੁਆਰਾ ਝੂਠ ਦਾ ਪੁਲੰਦਾ ਬਣਾ ਕੇ ਲਾਲਸਾ ਵੱਲ ਮੁਹਾਰ ਕਰਦਾ ਹੈ। ਵਿਆਹ ਸੰਸਥਾ ਦਾ ਰੂਪ ਬਦਲ ਕੇ ਕਰੂਰ ਤਸਵੀਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਸਭਿਆਚਾਰ ਦੇ ਰੂਪਾਂਤਰਨ ਦੀ ਕਦਰਾਂ-ਕੀਮਤਾਂ ਦੇ ਨੈਤਿਕ ਪੱਧਰ ਤੋਂ ਡਿੱਗ ਚੁੱਕੇ ਲੋਕਾਂ ਦੇ ਚਰਿੱਤਰ ਦੀ ਕੋਰਜੀ ਤਸਵੀਰ ਪੇਸ਼ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਜਗਜੀਵਨ ਸਿੰਘ, ਸਭਿਆਚਾਰ ਦੇ ਮੂਲ ਆਧਾਰ, ਅਦਬ ਪ੍ਰਕਾਸ਼ਨ, ਪਟਿਆਲਾ, 2001, ਪੰਨਾ: 21*
2. *ਡਾ. ਬਲਬੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 1998, ਪੰਨਾ: 68*
3. *The World Book Encyclopedia, Vol.4, Page: 1188-89.*
4. *The Encyclopedia of Wikipedia, Page: 2 (www.wikipedia.org/wiki/culturaltransformation.html)*
5. *ਸੁਰਿੰਦਰ ਕੁਮਾਰ ਦਵੇਸ਼ਵਰ (ਡਾ.) ਅਤੇ ਹਰੀਸ਼ ਜੈਨ (ਸੰਪਾ.), ਪੰਜਾਬੀ ਸਭਿਆਚਾਰ, ਯੂਨੀਸਟਾਰ ਪਬਲੀਕੇਸ਼ਨ, ਚੰਡੀਗੜ੍ਹ, 2023, ਪੰਨਾ: 89*
6. *ਹਰਮਿੰਦਰ ਚਹਿਲ, ਭੰਵਰ, ਸੰਗਮ ਪਬਲੀਕੇਸ਼ਨ, ਸਮਾਣਾ, 2016, ਪੰਨਾ: 247*

## *Cite this Article-*

*ਕਰਮਜੀਤ ਕੌਰ (Karamjeet Kaur), ਹਰਮਿੰਦਰ ਚਹਿਲ ਰਚਿਤ 'ਭੰਵਰ' ਨਾਵਲ ਵਿੱਚ ਬਦਲ ਰਹੇ ਰਿਸ਼ਤਿਆਂ ਦਾ ਸਭਿਆਚਾਰਕ ਰੂਪਾਂਤਰਨ (Harminder Chahil Rachit 'Bhanwar' Naval Vich Badal Rhe Rishtian Da Sbhiachark Rupantarn), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 41-46.*

*Journal URL:* *www.armaan.org.in*

*DOI:* *https://doi.org/10.64119/armaan.vol.4.issue1.08*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/